# ਭਾਰਤ-ਪਾਕਿ ਦੀਆਂ ਖ਼ਬਰਾਂ

## ਡੇਟਿੰਗ ਕਰਦੇ ਨਜ਼ਰ ਆਏ ਤਾਂ ਜ਼ਬਰਦਸਤੀ ਵਿਆਹ ਕਰਵਾ ਦੇਵਾਂਗੇ- ਸ਼੍ਰੀਰਾਮ ਸੈਨਾ

ਬੰਗਲੌਰ– ਮੰਗਲੌਰ ਦੇ ਇੱਕ ਪੱਬ ਵਿੱਚ ਮੁੰਡਿਆਂ–ਕੁੜੀਆਂ 'ਤੇ ਹਮਲੇ ਦੀ ਦੇਸ਼ ਭਰ ਵਿੱਚ ਤਿੱਖੀ ਆਲੋਚਨਾ ਤੇ ਚਰਚਾ ਦੇ ਬਾਵਜੂਦ ਸ਼੍ਰੀਰਾਮ ਸੈਨਾ ਆਪਣੇ ਪ੍ਰੋਗਰਾਮ 'ਤੇ ਅਟੱਲ ਹੈ। ਹੁਣ ਉਸ ਨੇ ਵੈਲੇਨਟਾਈਨ ਡੇ 'ਤੇ ਜੋੜਿਆਂ ਨੂੰ ਜਨਤਕ ਤੌਰ 'ਤੇ ਘੁੰਮਦੇ ਨਜ਼ਰ ਨਾ ਆਉਣ ਦਾ ਹੁਕਮ ਜਾਰੀ ਕੀਤਾ ਹੈ। ਉਸ ਨੇ ਧਮਕੀ ਦਿੱਤੀ ਹੈ ਕਿ ਨਜ਼ਰ ਆਉਣ ਵਾਲੇ ਅਜਿਹੇ ਜੋੜਿਆਂ ਨੂੰ ਫੜ ਕੇ ਉਨ੍ਹਾਂ ਦਾ ਜ਼ਬਰਦਸਤੀ ਵਿਆਹ ਕਰਵਾ ਦਿੱਤਾ ਜਾਵੇਗਾ। ਸ਼੍ਰੀਰਾਮ ਸੈਨਾ ਦੇ ਬਾਨੀ ਪ੍ਰਮੋਦ ਮੁਤਾਲਿਕ ਨੇ ਕਿਹਾ ਹੈ ਕਿ ਸਾਡੇ ਵਰਕਰ ਹੋਟਲਾਂ, ਹੋਸਟਲਾਂ ਤੇ ਕਾਲਜਾਂ ਦੀ ਨਿਗਰਾਨੀ ਕਰਨਗੇ, ਜਿੱਥੇ ਕਿ ਵੈਲੇਨਟਾਈਨ ਡੇ ਵਧੇਰੇ ਮਨਾਇਆ ਜਾਂਦਾ ਹੈ। ਮੰਗਲੌਰ ਪੱਬ ਹਮਲੇ ਦੇ ਸੰਬੰਧ ਵਿੱਚ ਜ਼ਮਾਨਤ 'ਤੇ ਆਏ ਮੁਤਾਲਿਕ ਸਾਹਿਬ ਨੇ ਦੱਸਿਆ ਕਿ ਬੁੱਧਵਾਰ ਸਾਡੀ ਇੱਕ ਮੀਟਿੰਗ ਹੋਈ ਜਿਸ ਵਿੱਚ ਕਰਨਾਟਕ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਵੈਲੇਨਟਾਈਨ ਡੇ ਮਨਾਉਣ 'ਤੇ ਪਾਬੰਦੀ ਲਾਈ ਜਾਵੇ। ਇਸ ਸੰਬੰਧ ਵਿੱਚ ਅਸੀਂ ਬਾਕਾਇਦਾ ਤੌਰ 'ਤੇ ਇੱਕ ਯਾਦਪੱਤਰ ਸਰਕਾਰ ਨੂੰ ਦੇਵਾਂਗੇ। ਇਹ ਯਾਦ ਪੱਤਰ ਮੁੱਖ ਮੰਤਰੀ ਤੋਂ ਇਲਾਵਾ ਰਾਜ ਦੇ ਗ੍ਰਹਿ ਮੰਤਰੀ ਤੇ ਰਾਜਪਾਲ ਨੂੰ ਵੀ ਸੌਂਪਿਆ ਜਾਵੇਗਾ। ਸ਼੍ਰੀ ਮੁਤਾਲਿਕ ਨੇ ਦੱਸਿਆ ਕਿ ਅਸੀਂ 5 ਗਰੁੱਪ ਬਣਾਏ ਹਨ ਜਿਹੜੇ 14 ਫਰਵਰੀ ਨੂੰ ਪੂਰੇ ਸ਼ਹਿਰ ਵਿੱਚ ਘੁੰਮਦੇ ਰਹਿਣਗੇ। ਉਨ੍ਹਾਂ ਕੋਲ ਕੈਮਰੇ ਹੋਣਗੇ ਜਿਹੜੇ ਕਿਸੇ ਨੂੰ ਨਜ਼ਰ ਨਹੀਂ ਆਉਣਗੇ। ਹਰ ਗਰੁੱਪ ਨਾਲ ਇੱਕ ਪੰਡਿਤ ਹੋਵੇਗਾ, ਜਿਸ ਕੋਲ ਮੰਗਲ ਸੂਤਰ ਹੋਵੇਗਾ ਤੇ ਹਲਦੀ ਆਦਿ ਵੀ ਹੋਵੇਗੀ। ਘੁੰਮਣ ਵਾਲੇ ਜੋੜਿਆਂ ਦਾ ਮੌਕੇ 'ਤੇ ਹੀ ਵਿਆਹ ਕਰ ਕੇ ਵਿਆਹ ਦੀ ਰਜਿਸਟ੍ਰੇਸ਼ਨ ਵੀ ਕਰਵਾ ਦਿੱਤੀ ਜਾਵੇਗੀ। ਕੇਂਦਰੀ ਮੰਤਰੀ ਰੇਣੂਕਾ ਚੌਧਰੀ 'ਤੇ ਜਵਾਬੀ ਹਮਲਾ ਕਰਦਿਆਂ ਮੁਤਾਲਿਕ ਨੇ ਕਿਹਾ ਕਿ ਰੇਣੂਕਾ ਉਦੋਂ ਆਪਣੀ ਰਾਇ ਕਿਉਂ ਨਹੀਂ ਦਿੰਦੀ ਜਦੋਂ ਮਹਾਨਗਰਾਂ ਵਿੱਚ ਔਰਤਾਂ ਨਾਲ ਬਲਾਤਕਾਰ ਹੁੰਦੇ ਹਨ, ਛੇੜਖਾਨੀ ਹੁੰਦੀ ਹੈ ਤੇ ਹੋਰ ਅਪਰਾਧ ਹੁੰਦੇ ਹਨ। ਯਾਦ ਰਹੇ ਕਿ ਰੇਣੂਕਾ ਨੇ ਮੰਗਲੌਰ ਪੱਬ ਹਮਲੇ ਦੇ ਸੰਬੰਧ ਵਿੱਚ ਸ਼੍ਰੀਰਾਮ ਸੈਨਾ ਵਿਰੁੱਧ ਸਖਤ ਕਾਰਵਾਈ ਦੀ ਮੰਗ ਕੀਤੀ ਸੀ। ਮੁਤਾਲਿਕ ਨੇ ਕਿਹਾ, "ਦੇਸ਼ ਦਾ ਇੱਕ ਨਾਗਰਿਕ ਹੋਣ ਦੇ ਨਾਤੇ ਅਸ਼ਲੀਲਤਾ ਨੂੰ ਰੋਕਣਾ ਮੇਰਾ ਜਮਹੂਰੀ ਫਰਜ਼ ਹੈ।" ਉਨ੍ਹਾਂ ਕਿਹਾ ਕਿ ਅਸੀਂ ਆਪਣੇ ਪ੍ਰੋਗਰਾਮ 'ਤੇ ਹਰ ਹਾਲਤ ਵਿੱਚ ਅਮਲ ਕਰਾਂਗੇ ਪਰ ਅਸੀਂ ਆਪਣੇ ਵਰਕਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਉਹ ਕਾਨੂੰਨ ਨੂੰ ਆਪਣੇ ਹੱਥ ਨਾ ਲੈਣ।

## ਕਲਿਆਣ ਸਿੰਘ ਨੇ ਬਾਬਰੀ ਮਸਜਿਦ ਦੇ 'ਕਲਿਆਣ' ਦੀ ਇਖਲਾਕੀ ਜ਼ਿੰਮੇਵਾਰੀ ਕਬੂਲੀ

ਲਖਨਊ– ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਲਿਆਣ ਸਿੰਘ ਨੇ 1992 ਵਿੱਚ ਬਾਬਰੀ ਮਸਜਿਦ ਡੇਗੇ ਜਾਣ ਦੀ ਇਖਲਾਕੀ ਜ਼ਿੰਮੇਵਾਰੀ ਕਬੂਲੀ ਹੈ। ਕਲਿਆਣ ਸਿੰਘ ਨੇ ਇਥੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ, 'ਮੈਂ ਇਹ ਗੱਲ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਮੈਂ 6 ਦਸੰਬਰ 1992 ਨੂੰ ਬਾਬਰੀ ਮਸਜਿਦ ਡੇਗੇ ਜਾਣ ਦੀ ਇਖਲਾਕੀ ਜ਼ਿੰਮੇਵਾਰੀ ਲਈ ਸੀ ਅਤੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।'

ਕਲਿਆਣ ਸਿੰਘ ਦਾ ਇਹ ਬਿਆਨ ਇਨ੍ਹਾਂ ਖਬਰਾਂ ਦੌਰਾਨ ਆਇਆ ਹੈ ਕਿ ਮੁਲਾਇਮ ਸਿੰਘ ਯਾਦਵ ਦੀ ਅਗਵਾਈ ਵਾਲੀ ਸਮਾਜਵਾਦੀ ਪਾਰਟੀ ਨੇ ਉਸ ਕੋਲੋਂ ਇਸ ਮੁੱਦੇ 'ਤੇ ਮੁਆਫੀ ਦੀ ਮੰਗ ਰੱਖੀ ਸੀ। ਅਸਲ ਵਿੱਚ ਇਹ ਸਾਰੀ ਕਵਾਇਦ ਸਮਾਜਵਾਦੀ ਪਾਰਟੀ ਨਾਲ ਉਸ ਦੇ ਸੰਬੰਧ ਜੁੜਨ ਕਾਰਨ ਭੜਕੇ ਮੁਸਲਿਮ ਜਜ਼ਬਾਤਾਂ ਨੂੰ ਸ਼ਾਂਤ ਕਰਨ ਦੇ ਮਕਸਦ ਨਾਲ ਕੀਤੀ ਗਈ ਹੈ।

ਭਗਵੀਂ ਪਾਰਟੀ ਨੂੰ ਹਰਾਉਣ ਲਈ ਸਮਾਜਵਾਦੀ ਪਾਰਟੀ ਨਾਲ ਹੱਥ ਮਿਲਾਉਣ ਵਾਲੇ ਕਲਿਆਣ ਸਿੰਘ ਦਾ ਬਿਆਨ ਉਸ ਮਾਹੌਲ ਕਾਰਨ ਜਾਰੀ ਹੋਇਆ ਹੈ, ਜਿਹੜਾ ਲੋਕ ਸਭਾ ਚੋਣਾਂ ਲਈ ਹੋਏ ਇਸ ਨਵੇਂ ਗਠਜੋੜ ਦਾ ਮੁਸਲਿਮ ਭਾਈਚਾਰੇ ਵਲੋਂ ਕੀਤੇ ਜਾ ਰਹੇ ਵਿਰੋਧ ਕਾਰਨ ਪੈਦਾ ਹੋਇਆ ਹੈ। ਦਾਰੁਲ ਉਲੇਮ ਦਿਓਬੰਦ ਵਰਗੀਆਂ ਸੰਸਥਾਵਾਂ ਨਾਲ ਜੁੜੇ ਮੁਸਲਿਮ ਮੌਲਵੀਆਂ ਨੇ ਮਿਲਣ ਆਏ ਸਮਾਜਵਾਦੀ ਪਾਰਟੀ ਆਗੂ ਨੂੰ ਇਹ ਗੱਲ ਸਾਫ ਕਰ ਦਿੱਤੀ ਸੀ ਕਿ ਬਾਬਰੀ ਮਸਜਿਦ ਡੇਗੇ ਜਾਣ ਵਿੱਚ ਉਸ ਦੇ ਰੋਲ ਲਈ ਮੁਸਲਿਮ ਲੋਕ ਕਲਿਆਣ ਸਿੰਘ ਨੂੰ ਕਦੇ ਵੀ ਮੁਆਫ ਨਹੀਂ ਕਰ ਸਕਦੇ। 1992 ਵਿੱਚ ਜਦ ਬਾਬਰੀ ਮਸਜਿਦ ਡੇਗੀ ਗਈ ਤਾਂ ਉਸ ਸਮੇਂ ਯੂ ਪੀ ਵਿੱਚ ਕਲਿਆਣ ਸਿੰਘ ਭਾਜਪਾ ਦੀ ਸਰਕਾਰ ਦੇ ਮੁੱਖ ਮੰਤਰੀ ਸਨ ਤੇ ਉਨ੍ਹਾਂ ਦੀ ਸਰਕਾਰ ਨੂੰ ਕੇਂਦਰ ਨੇ ਫੌਰੀ ਤੌਰ 'ਤੇ ਬਰਖਾਸਤ ਕਰ ਦਿੱਤਾ ਸੀ। ਇਤਿਹਾਸਕ ਇਮਾਰਤ ਦੀ ਰਾਖੀ ਕਰਨ ਦਾ ਵਾਅਦਾ ਨਾ ਨਿਭਾਉਣ ਲਈ ਅਦਾਲਤ ਦੀ ਮਾਨਹਾਨੀ ਦੇ ਮਾਮਲੇ ਵਿੱਚ ਉਸ ਨੂੰ ਦੋਸ਼ੀ ਕਰਾਰ ਦੇ ਕੇ ਇੱਕ ਦਿਨ ਦੀ ਕੈਦ ਦੀ ਸਜ਼ਾ ਵੀ ਸੁਣਾਈ ਗਈ ਸੀ।

ਰਾਮ ਜਨਮ ਭੂਮੀ ਅੰਦੋਲਨ ਦੀ ਚੜ੍ਹਤ ਵੇਲੇ ਹਿੰਦੂਤਵ ਦੇ ਲਾਡਲੇ ਰਹੇ ਕਲਿਆਣ ਸਿੰਘ ਨੇ ਬੁੱਧਵਾਰ ਨੂੰ ਜਾਰੀ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਹਰ ਇੱਕ ਨੂੰ ਆਪਣੇ ਧਰਮ 'ਤੇ ਮਾਣ ਕਰਨ ਦਾ ਹੱਕ ਹੈ। ਬਿਆਨ ਅਨੁਸਾਰ ਜਦੋਂ ਕਿ ਮੁਸਲਮਾਨਾਂ ਨੂੰ ਇਸਲਾਮ 'ਤੇ ਮਾਣ ਕਰਨ ਦਾ ਹੱਕ ਹੈ, ਹਿੰਦੂਆਂ ਨੂੰ ਵੀ ਆਪਣੇ ਹਿੰਦੂਤਵ 'ਤੇ ਮਾਣ ਕਰਨ ਦਾ ਬਰਾਬਰ ਦਾ ਹੱਕ ਹੈ। ਇਹ ਬਦਕਿਸਮਤੀ ਵਾਲੀ ਗੱਲ ਹੈ ਕਿ ਆਪਣੀਆਂ ਸਿਆਸੀ ਲਾਲਸਾਵਾਂ ਦੀ ਪੂਰਤੀ ਲਈ ਕੁਝ ਲੋਕ ਇਨ੍ਹਾਂ ਧਰਮਾਂ ਵਿਚਾਲੇ ਤਰੇੜਾਂ ਪਾ ਰਹੇ ਹਨ। ਉਸ ਨੇ ਅੱਗੇ ਕਿਹਾ ਹੈ ਕਿ ਹਰ ਇੱਕ ਦੇ ਧਰਮ ਦੇ ਅਧਿਕਾਰ ਦੀ ਰਾਖੀ ਕੀਤੀ ਜਾਣੀ ਚਾਹੀਦੀ ਹੈ।

ਕਲਿਆਣ ਸਿੰਘ ਨੇ ਮੁਲਾਇਮ ਸਿੰਘ ਦੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਮਕਸਦ ਦੱਸਦਿਆਂ ਕਿਹਾ ਹੈ ਕਿ ਹੁਣ ਸਮਾਜੀ ਤਾਕਤਾਂ ਸਮਾਜ ਨੂੰ ਵੰਡਣ ਦੀ ਸਾਜ਼ਿਸ਼ ਨੂੰ ਨੰਗਾ ਕਰਨਗੀਆਂ। ਉਨ੍ਹਾਂ ਦੀ ਦਲੀਲ ਹੈ ਕਿ ਉਨ੍ਹਾਂ ਮੁਲਾਇਮ ਨਾਲ ਦੋਸਤੀ ਗੰਢੀ ਹੈ ਅਤੇ ਇਹ ਕੋਈ ਸਿਆਸੀ

ਗਠਜੋੜ ਨਹੀਂ ਹੈ। ਦੋਸਤੀ ਵਿੱਚ ਸ਼ਰਤਾਂ ਨਹੀਂ ਰੱਖੀਆਂ ਜਾਂਦੀਆਂ। ਇਸ ਲਈ ਸਾਡੀ ਦੋਸਤੀ ਵਿੱਚ ਕੋਈ ਵੀ ਸ਼ਰਤ ਨਹੀਂ ਹੈ। ਕਲਿਆਣ ਸਿੰਘ ਨੇ ਮੁਲਾਇਮ ਨਾਲ ਮਿੱਤਰਤਾ ਦੇ ਚਾਰ ਮਕਸਦ ਦੱਸੇ ਹਨ, ਜਿਨ੍ਹਾਂ ਵਿੱਚ ਸਭ ਤੋਂ ਪਹਿਲਾਂ ਭਾਜਪਾ ਨੂੰ ਕੇਂਦਰ ਵਿੱਚ ਸੱਤਾ ਵਿੱਚ ਆਉਣੋਂ ਰੋਕਣਾ ਅਤੇ ਉਸ ਦੇ ਮੌਕੇ ਬਰਬਾਦ ਕਰਨਾ ਹੈ। ਦੂਸਰਾ ਮਕਸਦ ਸਮਾਜਕ ਨਿਆਂ ਦੇ ਸਿਧਾਂਤ ਨੂੰ ਲਾਗੂ ਕਰਨਾ ਹੈ, ਜਿਸ ਦਾ ਮਤਲਬ ਹੈ ਕਿ ਦੱਬੇ ਕੁਚਲਿਆਂ ਦੀ ਸਰਕਾਰ, ਸਿਸਟਮ ਅਤੇ ਸਿਆਸਤ ਵਿੱਚ ਮਾਣਯੋਗ ਅਤੇ ਪਾਰਦਰਸ਼ੀ ਭਾਈਵਾਲੀ ਯਕੀਨੀ ਬਣਾਉਣਾ।

ਤੀਸਰਾ ਮਕਸਦ ਹੈ ਸੂਬੇ ਦੇ ਲੋਕਾਂ ਨੂੰ ਬਹੁਜਨ ਸਮਾਜ ਪਾਰਟੀ ਦੀ ਦਹਿਸ਼ਤ ਤੋਂ ਨਿਜਾਤ ਦਿਵਾਉਣਾ ਅਤੇ ਚੌਥਾ ਮਕਸਦ ਹੈ ਕਿ ਵਿਧਾਨ ਸਭਾ ਚੋਣਾਂ ਵਿੱਚ ਸਮਾਜਵਾਦੀ ਪਾਰਟੀ ਦੀ ਸਰਕਾਰ ਸਥਾਪਤ ਕਰਨਾ।

ਉਨ੍ਹਾਂ ਨੇ ਦਾਅਵਾ ਕੀਤਾ ਹੈ ਕਿ ਇਨ੍ਹਾਂ ਨਿਸ਼ਾਨਿਆਂ ਦੀ ਪੂਰਤੀ ਲਈ ਮੁਲਾਇਮ ਨਾਲ ਉਸ ਦੀ ਮਿੱਤਰਤਾ ਦੀ ਸਰਾਹਨਾ ਕੀਤੀ ਜਾ ਰਹੀ ਹੈ ਅਤੇ ਲੋਕਾਂ, ਖਾਸ ਕਰ ਉਨ੍ਹਾਂ ਵਲੋਂ ਜਿਹੜੇ ਭਾਜਪਾ ਨੂੰ ਬਰਬਾਦ ਕਰਨਾ ਚਾਹੁੰਦੇ ਹਨ, ਵਲੋਂ ਸਵਾਗਤ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਕਲਿਆਣ ਸਿੰਘ ਨੇ ਦਾਅਵਾ ਕੀਤਾ ਸੀ ਕਿ ਮੁਸਲਿਮ ਲੋਕ ਉਨ੍ਹਾਂ ਨੂੰ ਘੱਟ ਗਿਣਤੀ ਵਿਰੋਧੀ ਨਹੀਂ ਮੰਨਦੇ ਅਤੇ ਮੁੱਖ ਮੰਤਰੀ ਵਜੋਂ ਆਪਣੀ ਹਕੂਮਤ ਵੇਲੇ ਉਨ੍ਹਾਂ ਕਦੇ ਵੀ ਉਨ੍ਹਾਂ ਨਾਲ ਵਿਤਕਰਾ ਨਹੀਂ ਸੀ ਕੀਤਾ।

## ਭਾਰਤ ਸਰਕਾਰ ਵਲੋਂ ਸੂਬਾ ਸਰਕਾਰਾਂ ਨੂੰ ਪ੍ਰਵਾਸੀ ਭਾਰਤੀਆਂ ਵਲੋਂ ਖਰੀਦੀਆਂ ਜਾ ਰਹੀਆਂ ਜਾਇਦਾਦਾਂ ’ਤੇ ਸਖਤ ਨਜ਼ਰ ਰੱਖਣ ਦੇ ਆਦੇਸ਼

ਨਵੀਂ ਦਿੱਲੀ – ਭਾਰਤ ਵਿੱਚ ਪ੍ਰਵਾਸੀ ਭਾਰਤੀਆਂ ਵਲੋਂ ਖਰੀਦੀਆਂ ਜਾ ਰਹੀਆਂ ਜਾਇਦਾਦਾਂ ਦਾ ਸਖਤ ਨੋਟਿਸ ਲੈਂਦਿਆਂ ਕੇਂਦਰ ਨੇ ਸੂਬਾ ਸਰਕਾਰਾਂ ਨੂੰ ਅਜਿਹੇ ਲੈਣ-ਦੇਣ ’ਤੇ ਸਖਤ ਨਜ਼ਰ ਰੱਖਣ ਦੀਆਂ ਹਦਾਇਤਾਂ ਦਿੱਤੀਆਂ ਹਨ। ਵਿੱਤ ਮੰਤਰਾਲੇ ਵਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਕੇਂਦਰ ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਵਿਦੇਸ਼ੀ ਨਾਗਰਿਕ ਦੇਸ਼ ਦੇ ਕੁਝ ਹਿੱਸਿਆਂ ਵਿੱਚ ਗੈਰ-ਕਾਨੂੰਨੀ ਤੌਰ ’ਤੇ ਅਚੱਲ ਸੰਪਤੀ ਖਰੀਦ ਰਹੇ ਹਨ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਕੇਂਦਰ ਸਰਕਾਰ ਵਲੋਂ ਸੂਬਾ ਸਰਕਾਰਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਅਜਿਹਾ ਵਿਅਕਤੀ ਜੋ ਭਾਰਤ ਦਾ ਨਾਗਰਿਕ ਨਹੀਂ ਹੈ, ਦੁਆਰਾ ਖਰੀਦੀ ਗਈ ਜਾਇਦਾਦ ’ਤੇ ਸਖਤ ਨਜ਼ਰ ਰੱਖੀ ਜਾਵੇ ਅਤੇ ਇਸ ਸਬੰਧੀ ਵਿਦੇਸ਼ੀ ਵਟਾਂਦਰਾ ਪ੍ਰਬੰਧਕੀ ਐਕਟ (ਫੇਮਾ) ਦੇ ਅਧੀਨ ਹਰ ਮਾਮਲੇ ਵਿੱਚ ਸਰਕਾਰ ਦੀ ਤਸੱਲੀ ਹੋਣੀ ਲਾਜ਼ਮੀ ਹੈ। ਬਿਆਨ ਵਿੱਚ ਅੱਗੇ ਆਖਿਆ ਗਿਆ ਕਿ ਅਜਿਹੀ ਜਾਇਦਾਦ ਦੇ ਮਾਮਲੇ ਵਿੱਚ ਇਛੁੱਕ ਖਰੀਦਦਾਰਾਂ ਅਤੇ ਵਿੱਕਰੀ ਕਰਨ ਵਾਲਿਆਂ ਦੋਵਾਂ ਦੀ ਛਾਣਬੀਣ ਹੋਣੀ ਚਾਹੀਦੀ ਹੈ ਅਤੇ ਜਾਇਦਾਦ ਖਰੀਦ ਰਹੇ ਵਿਅਕਤੀ ਦੇ ਵੀਜ਼ੇ ਦੀ ਕਿਸਮ ਦੀ ਵੀ ਤਸਦੀਕ ਕੀਤੀ ਜਾਵੇ ਕਿ ਉਸ ਨੇ ਕਿਸੇ ਅਚੱਲ ਸੰਪਤੀ ਦੀ ਖਰੀਦ ਲਈ ਰਜਿਸਟਰੇਸ਼ਨ ਕਰਵਾਈ ਹੈ ਜਾਂ ਨਹੀਂ। ਫੇਮਾ ਦੇ ਅਨੁਸਾਰ ਇੱਕ ਵਿਦੇਸ਼ੀ ਫਰਮ ਆਪਣਾ ਸ਼ਾਖਾ ਦਫਤਰ ਭਾਰਤ ਵਿੱਚ ਕਾਰੋਬਾਰ ਕਰਨ ਲਈ ਖੋਲ੍ਹਣ ਵਾਸਤੇ ਅਚੱਲ ਸੰਪਤੀ ਖਰੀਦ ਸਕਦੀ ਹੈ ਪਰ ਕਈ ਮਾਮਲਿਆਂ ਵਿੱਚ ਗੈਰ-ਕਾਨੂੰਨੀ ਤੌਰ ’ਤੇ ਅਚੱਲ ਸੰਪਤੀ ਖਰੀਦ ਕੇ ਫੇਮਾ ਦੀ ਉਲੰਘਣਾ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਇੱਕ ਵਿਦੇਸ਼ੀ ਨਾਗਰਿਕ ਜੋ ਪਹਿਲਾਂ ਭਾਰਤ ਦਾ ਨਾਗਰਿਕ ਸੀ ਅਤੇ 182 ਦਿਨਾਂ ਤੋਂ ਭਾਰਤ ਵਿੱਚ ਰਹਿ ਰਿਹਾ ਹੈ, ਆਪਣੇ ਕਿਸੇ ਮੰਤਵ ਲਈ ਅਚੱਲ ਸੰਪਤੀ ਖਰੀਦ ਸਕਦਾ ਹੈ। ਭਾਰਤ ਸਰਕਾਰ ਦੇ ਇਸ ਫੈਸਲੇ ਤੋਂ ਪੰਜਾਬ ਜਾਂ ਹੋਰਨਾਂ ਇਲਾਕਿਆਂ ਵਿੱਚ ਧੜਾ-ਧੜ ਜਾਇਦਾਦਾਂ ਖਰੀਦ ਰਹੇ ਪਰਵਾਸੀ ਭਾਰਤੀ ਪ੍ਰਭਾਵਿਤ ਹੋ ਸਕਦੇ ਹਨ। ਬਿਹਤਰ ਇਹੀ ਹੈ ਕਿ ਜਾਇਦਾਦ ਖਰੀਦਣ ਤੋਂ ਪਹਿਲਾਂ ਕਾਨੂੰਨ ਬਾਰੇ ਜਾਣਕਾਰੀ ਹੋਵੇ ਵਰਨਾ ਬਾਅਦ ਵਿੱਚ ਘਾਟਾ ਖਾਣਾ ਪੈ ਸਕਦਾ ਹੈ।

## ਨਵੀਨ ਚਾਵਲਾ ਹੋਣਗੇ ਅਗਲੇ ਮੁੱਖ ਚੋਣ ਕਮਿਸ਼ਨਰ

ਨਵੀਂ ਦਿੱਲੀ- ਸਰਕਾਰ ਨੇ ਮੁੱਖ ਚੋਣ ਕਮਿਸ਼ਨਰ ਐਨ. ਗੋਪਾਲਾ ਸਵਾਮੀ ਵਲੋਂ ਆਪਣੇ ਸਾਥੀ ਨਵੀਨ ਚਾਵਲਾ ਨੂੰ ਹਟਾਉਣ ਦੀ ਕੀਤੀ ਗਈ ਸਿਫਾਰਸ਼ ਰੱਦ ਕਰ ਦਿੱਤੀ ਹੈ ਤੇ ਸੰਕੇਤ ਦਿੱਤਾ ਹੈ ਕਿ ਅਗਲੇ ਮੁੱਖ ਚੋਣ ਕਮਿਸ਼ਨਰ ਨਵੀਨ ਚਾਵਲਾ ਹੀ ਹੋਣਗੇ।

ਕਾਨੂੰਨ ਮੰਤਰੀ ਐਚ. ਆਰ ਭਾਰਦਵਾਜ ਨੇ ਕਿਹਾ ਕਿ ਸਰਕਾਰ ਦੀ ਇਹ ਨੀਤੀ ਰਹੀ ਹੈ ਕਿ ਸੀਨੀਅਰ ਚੋਣ ਕਮਿਸ਼ਨਰ ਨੂੰ ਮੁੱਖ ਚੋਣ ਕਮਿਸ਼ਨਰ ਬਣਾਇਆ ਜਾਂਦਾ ਹੈ ਤੇ ਸਾਡੀ ਵੀ ਇਹ ਨੀਤੀ ਹੀ ਜਾਰੀ ਰਹੇਗੀ। ਮੌਜੂਦਾ ਵਿਵਾਦ ਨੂੰ ਮੰਦਭਾਗਾ ਕਰਾਰ ਦਿੰਦਿਆਂ ਭਾਰਦਵਾਜ ਨੇ ਕਿਹਾ ਕਿ ਇਸ ਵਿਵਾਦ ਕਾਰਨ ਨਵੀਨ ਚਾਵਲਾ ਦਾ ‘ਕੈਰੀਅਰ’ ਪ੍ਰਭਾਵਿਤ ਨਹੀਂ ਹੋਣਾ ਚਾਹੀਦਾ। ਭਾਰਦਵਾਜ ਨੇ ਕਿਹਾ ਕਿ ਗੋਪਾਲਾਸਵਾਮੀ ਦੇ 20 ਅਪ੍ਰੈਲ ਨੂੰ ਸੇਵਾਮੁਕਤ ਹੋਣ ਤੋਂ ਪਹਿਲਾਂ ਉਨ੍ਹਾਂ ਦੇ ਜਾਨਸ਼ੀਨ ਦੀ ਚੋਣ ਕਰਨ ਲਈ ਪ੍ਰਕ੍ਰਿਆ ਸਮੇਂ ਸਿਰ ਸ਼ੁਰੂ ਕਰ ਦਿੱਤੀ ਜਾਵੇਗੀ।

ਇਥੇ ਇੱਕ ਸਮਾਗਮ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਨੂੰਨ ਮੰਤਰੀ ਨੇ ਕਿਹਾ ਕਿ ਗੋਪਾਲਾਸਵਾਮੀ ਨੂੰ ਰਾਜਸੀ ‘ਬੌਸ’ ਵਜੋਂ ਕੰਮ ਨਹੀਂ ਕਰਨਾ ਚਾਹੀਦਾ ਤੇ ਉਨ੍ਹਾਂ ਨੂੰ ਚੋਣ ਕਮਿਸ਼ਨ ਵਿੱਚ ਆਪਣਾ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਮੰਦਭਾਗਾ ਹੈ ਕਿ ਉਸ ਵਲੋਂ ਇਹ ਵਿਵਾਦ ਉਸ ਸਮੇਂ ਖੜ੍ਹਾ ਕੀਤਾ ਗਿਆ ਹੈ ਜਦੋਂ ਦੇਸ਼ ਵਿੱਚ ਆਮ ਚੋਣਾਂ ਸਿਰ ’ਤੇ ਹਨ। ਉਨ੍ਹਾਂ ਕਿਹਾ ਕਿ ਮੁੱਖ ਚੋਣ ਕਮਿਸ਼ਨਰ ਵਲੋਂ ਆਪਣੇ ਸਾਥੀ ਬਾਰੇ ਟਿੱਪਣੀ ਕਰਨੀ ਸ਼ਰਮਨਾਕ ਹੈ ਕਿਉਂਕਿ ਸਾਰੇ ਚੋਣ ਕਮਿਸ਼ਨਰ ਬਰਾਬਰ ਹਨ। ਭਾਰਦਵਾਜ ਨੇ ਕਿਹਾ ਕਿ ਸੇਵਾ-ਮੁਕਤ ਹੋ ਰਹੇ ਉੱਚ ਅਹੁੱਦੇ ’ਤੇ ਬਿਰਾਜਮਾਨ ਕਿਸੇ ਵਿਅਕਤੀ ਵਲੋਂ ਅਜਿਹੀ ਸਿਫਾਰਸ਼ ਕਰਨੀ ਉਚਿਤ ਨਹੀਂ ਹੈ। ਉਨ੍ਹਾਂ ਹੋਰ ਕਿਹਾ ਕਿ ਨਵੀਨ ਚਾਵਲਾ ਵਿਰੁੱਧ

ਕੀਤੀ ਗਈ ਸਿਫਾਰਸ਼ ਵਾਲੀ ਫਾਈਲ 2 ਦਿਨ ਪਹਿਲਾਂ ਹੀ ਉਨ੍ਹਾਂ ਦੇ ਦਫਤਰ ਵਿੱਚ ਪੁੱਜੀ ਹੈ ਤੇ ਕਾਨੂੰਨ ਸਕੱਤਰ ਟੀ. ਕੇ ਵਿਸ਼ਵਾਨਾਥਨ ਇਸ ਫਾਈਲ ਦਾ ਨਿਰੀਖਣ ਕਰ ਰਹੇ ਹਨ। ਭਾਰਦਵਾਜ ਨੇ ਸੰਕੇਤ ਦਿੱਤਾ ਕਿ ਉਹ ਖੁਦ ਵੀ ਇਸ ਫਾਈਲ ਦੀ ਜਾਂਚ ਪੜਤਾਲ ਕਰਨਗੇ ਤੇ ਇਸ ਬਾਰੇ ਸਰਕਾਰ ਦਾ ਰਵੱਈਆ ਛੇਤੀ ਸਪੱਸ਼ਟ ਹੋ ਜਾਵੇਗਾ। ਉਨ੍ਹਾਂ ਹੋਰ ਕਿਹਾ ਕਿ ਸੰਵਿਧਾਨ ਤਹਿਤ ਦੇਸ਼ ਦੇ ਰਾਸ਼ਟਰਪਤੀ ਵਲੋਂ ਚੋਣ ਕਮਿਸ਼ਨ ਦੇ ਮੈਂਬਰਾਂ ਨੂੰ ਨਿਯੁਕਤ ਕੀਤਾ ਤੇ ਹਟਾਇਆ ਜਾਂਦਾ ਹੈ ਤੇ ਜੇਕਰ ਸਰਕਾਰ ਕਿਸੇ ਮੈਂਬਰ ਨੂੰ ਹਟਾਉਣਾ ਚਾਹੁੰਦੀ ਹੋਵੇ ਤਾਂ ਮੁੱਖ ਚੋਣ ਕਮਿਸ਼ਨਰ ਦੇ ਵਿਚਾਰ ਲਏ ਜਾਂਦੇ ਹਨ। ਭਾਰਦਵਾਜ ਨੇ ਮੰਗਲੌਰ ਵਿੱਚ ਸ੍ਰੀ ਰਾਮ ਸੈਨਾ ਦੇ ਕਾਰਕੁੰਨਾਂ ਵਲੋਂ ਇੱਕ ਪੱਬ ’ਤੇ ਕੀਤੇ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਕਿ ਭਾਰਤ ਵਿੱਚ ਪੱਬ ਸਭਿਆਚਾਰ ਨਾਂਅ ਦੀ ਕੋਈ ਚੀਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਕਾਨੂੰਨ ਹੱਥ ਵਿੱਚ ਲੈਣ ਦਾ ਅਧਿਕਾਰ ਨਹੀਂ ਹੈ।

## ਹਰਿਆਣਾ ਵਿੱਚ ਮਿਲਿਆ ਹੜੱਪਾ ਕਾਲ ਦਾ ਕਬਰਿਸਤਾਨ

ਰੋਹਤਕ– ਪੰਜ ਹਜ਼ਾਰ ਤੋਂ ਵੀ ਵੱਧ ਸਾਲ ਪਹਿਲਾਂ ਵਿਕਸਤ ਹੋਈ ਹੜੱਪਾ ਕਾਲ ਦੀ ਸੱਭਿਅਤਾ ਸੰਭਾਲੇ ਹੋਏ ਹਰਿਆਣਾ ਦੇ ਪਿੰਡ ਦੱਖਸ਼ਖੇੜਾ ਵਿੱਚ ਨਵੇਂ ਇਤਿਹਾਸ ਦੀਆਂ ਪਰਤਾਂ ਖੁੱਲ੍ਹ ਰਹੀਆਂ ਹਨ। ਖੋਜਕਰਤਾ ਨੇ ਇਥੇ ਉੱਤਰ ਭਾਰਤ ਦਾ ਹੜੱਪਾਕਾਲੀਨ ਦਾ ਸਭ ਤੋਂ ਵੱਡਾ ਕਬਰਿਸਤਾਨ ਲੱਭਿਆ ਹੈ। ਇਥੇ ਰੋਹਤਕ ਸਥਿਤ ਮਹਾਂਰਿਸ਼ੀ ਦਯਾਨੰਦ ਯੂਨੀਵਰਸਿਟੀ ਅਤੇ ਡੇਕਨ ਕਾਲਜ ਯੂਨੀਵਰਸਿਟੀ, ਪੂਣੇ ਅਤੇ ਹਿਊਮਨਿਟੀ ਰਿਸਰਚ ਇੰਸਟੀਚਿਊਟ ਕੋਇਟਾ ਦੇ ਖੋਜੀ ਖੋਜ ਵਿੱਚ ਲੱਗੇ ਹੋਏ ਹਨ। ਉਨ੍ਹਾਂ ਨੂੰ ਬਹੁਤ ਪੁਰਾਣੀ ਪ੍ਰਾਚੀਨ ਸੱਭਿਅਤਾ ਦੇ ਇਲਾਵਾ ਮੁੱਢਲੀ ਹੜੱਪਾ ਕਾਲੀਨ ਸੱਭਿਅਤਾ ਦਾ ਉੱਤਰ ਭਾਰਤ ਵਿੱਚ ਸਭ ਤੋਂ ਵੱਡਾ ਕਬਰਿਸਤਾਨ ਲੱਭਣ ਵਿੱਚ ਸਫਲਤਾ ਮਿਲੀ ਹੈ।

ਦੱਖਸ਼ ਖੇੜਾ ’ਚ ਮਿਲੀ ਸੱਭਿਅਤਾ ਪਿੰਡ ਰਾਖੀ ਗੜ੍ਹੀ ਦੇ ਬਾਅਦ ਦੂਸਰੀ ਸਭ ਤੋਂ ਵੱਡੀ ਆਰੰਭਿਕ ਹੜੱਪਾ ਸਭਿਅਤਾ ਦੀ ਸਮਕਾਲੀਨ ਵਿਕਸਿਤ ਸੱਭਿਅਤਾ ਹੈ। ਰੋਹਤਕ ਦੇ ਪਿੰਡ ਦੱਖਸ਼ ਖੇੜਾ ਦਾ ਇੱਕ ਭੂਖੰਡ ਪ੍ਰਾਚੀਨ ਇਤਿਹਾਸ ਦੀਆਂ ਪਰਤਾਂ ਖੋਲ ਰਿਹਾ ਹੈ। ਖੋਜ ਕਰਨ ਵਾਲਿਆਂ ਅਨੁਸਾਰ ਪਿੰਡ ਦੇ ਕੋਲ ਜਿੱਥੇ ਪੰਜ ਹਜ਼ਾਰ ਸਾਲ ਤੋਂ ਜ਼ਿਆਦਾ ਸਾਲ ਪਹਿਲਾਂ ਦੇ ਸ਼ੁਰੂ ’ਚ ਹੜੱਪਾ ਕਾਲੀਨ ਸੱਭਿਅਤਾ ਦਾ ਨਗਰ ਵਿਕਸਤ ਸੀ। ਇਸ ਤੋਂ ਕੁਝ ਹੀ ਦੂਰੀ ’ਤੇ ਉਕਤ ਪ੍ਰਾਚੀਨ ਸੱਭਿਅਤਾ ਨੂੰ ਸਮੇਟੇ ਹੋਏ ਵਿਸ਼ਾਲ ਨਗਰ ਦੀ ਹੋਂਦ ਨੂੰ ਦਰਸਾਉਂਦਾ ਕਬਰਿਸਤਾਨ ਵੀ ਹੈ।

## ਜ਼ਰਦਾਰੀ ਨੇ ਸ਼ਾਂਤੀ ਗੱਲਬਾਤ ’ਚ ਕਸ਼ਮੀਰੀਆਂ ਨੂੰ ਸ਼ਾਮਲ ਕਰਨ ਦੀ ਮੰਗ ਕੀਤੀ

ਇਸਲਾਮਾਬਾਦ– ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਨੇ ਕਸ਼ਮੀਰ ਮੁੱਦੇ ਦੇ ਤੁਰਤ ਅਤੇ ਸ਼ਾਂਤਮਈ ਹੱਲ ਲਈ ਸ਼ਾਂਤੀ ਗੱਲਬਾਤ ਵਿੱਚ ਕਸ਼ਮੀਰੀਆਂ ਨੂੰ ਸ਼ਾਮਲ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ। ਪਾਕਿਸਤਾਨ ਵਿੱਚ 5 ਫ਼ਰਵਰੀ ਨੂੰ ‘ਕਸ਼ਮੀਰ ਏਕਤਾ ਦਿਵਸ’ ਮੌਕੇ ਦਿੱਤੇ ਸੁਨੇਹੇ ਵਿੱਚ ਜ਼ਰਦਾਰੀ ਨੇ ਕਿਹਾ ਕਿ ਕਸ਼ਮੀਰ ਦੇ ਲੋਕਾਂ ਨੇ ਸਿਰਫ਼ ਸੰਘਰਸ਼ ਹੀ ਕੀਤਾ ਹੈ ਅਤੇ ਉਨ੍ਹਾਂ ਨੂੰ ਸਿਆਸੀ ਅਤੇ ਕੂਟਨੀਤਕ ਸਮਰਥਨ ਨਹੀਂ ਮਿਲਿਆ। ਕਸ਼ਮੀਰੀ ਲੋਕਾਂ ਨੂੰ ਖ਼ੁਦਮੁਖ਼ਤਿਆਰੀ ਹਾਸਲ ਕਰਨ ਦਾ ਹੱਕ ਹੈ ਜਿਵੇਂ ਕਿ ਸੰਯੁਕਤ ਰਾਸ਼ਟਰ ਦੇ ਚਾਰਟਰ ਵਿੱਚ ਦਰਸਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਕਸ਼ਮੀਰ ਵਿਵਾਦ ਦਾ ਸ਼ਾਂਤਮਈ ਹੱਲ ਲੱਭਣ ਲਈ ਵਚਨਬੱਧ ਹੈ ਪਰ ਇਸ ਵਿੱਚ ਕਸ਼ਮੀਰੀ ਲੋਕਾਂ ਦੀਆਂ ਇੱਛਾਵਾਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ। ਕਸ਼ਮੀਰੀ ਲੋਕਾਂ ਨੂੰ ਸ਼ਾਂਤੀ ਗੱਲਬਾਤ ਵਿੱਚ ਭਾਈਵਾਲ ਬਣਾਇਆ ਜਾਣਾ ਚਾਹੀਦਾ ਹੈ। ਪਾਕਿਸਤਾਨ ਦੇ ਰਾਸ਼ਟਰਪਤੀ ਨੇ ਕਿਹਾ ਕਿ ਬਿਨਾਂ ਸ਼ੱਕ ਕਸ਼ਮੀਰ ਦੇ ਲੋਕ ਅਪਣੀਆਂ ਸਮੱਸਿਆਵਾਂ ਦੇ ਹੱਲ ਸਬੰਧੀ ਗੱਲਬਾਤ ਵਿੱਚ ਸ਼ਾਮਲ ਹੋਣੇ ਚਾਹੀਦੇ ਹਨ। ਕਸ਼ਮੀਰੀ ਲੋਕਾਂ ਦੀ ਪ੍ਰਾਪਤੀ ਸਾਡੀ ਪ੍ਰਾਪਤੀ ਹੈ ਪਰ ਅੰਤਰ-ਰਾਸ਼ਟਰੀ ਪੱਧਰ ’ਤੇ ਇਸਲਾਮਕ ਕੱਟੜਪੰਥੀ ਜਾਂ ਕਈ ਹੋਰ ਲਫ਼ਜ਼ਾਂ ਨਾਲ ਇਸ ਨੂੰ ਨਿੰਦਿਆ ਜਾਂਦਾ ਰਿਹਾ ਹੈ। ਅਸੀ ਪਹਿਲਾਂ ਵੀ ਸੁਝਾਅ ਦਿਤਾ ਸੀ ਕਿ ਪਾਕਿਸਤਾਨ ਅਤੇ ਭਾਰਤ ਨੂੰ ਕਸ਼ਮੀਰ ਮੁੱਦਾ ਭਵਿੱਖ ਦੀਆਂ ਆਉਣ ਵਾਲੀਆਂ ਪੀੜ੍ਹੀਆਂ ’ਤੇ ਛੱਡ ਦੇਣਾ ਚਾਹੀਦਾ ਹੈ ਅਤੇ ਆਪਸੀ ਵਪਾਰ ਸਣੇ ਹੋਰਨਾਂ ਮੁੱਦਿਆਂ ’ਤੇ ਅੱਗੇ ਵਧਣਾ ਚਾਹੀਦਾ ਹੈ।

## ਪਾਕਿ ਭੇਜੇ ਦਸਤਾਵੇਜ਼ਾਂ ਬਾਰੇ ਭਾਰਤੀ ਨੇਤਾਵਾਂ ਦੀ ਸੁਰ ਵੱਖੋ-ਵੱਖਰੀ

ਨਵੀਂ ਦਿੱਲੀ– ਕੌਮੀ ਸੁਰੱਖਿਆ ਸਲਾਹਕਾਰ ਸ੍ਰੀ ਐਮ ਕੇ ਨਰਾਇਣਨ ਵੱਲੋਂ ਕੀਤਾ ਗਿਆ ਪ੍ਰਗਟਾਵਾ ਕਿ ਮੁੰਬਈ ਅੱਤਵਾਦੀ ਹਮਲਿਆਂ ਦੇ ਸਬੰਧ ਵਿੱਚ ਭਾਰਤ ਵੱਲੋਂ ਭੇਜੇ ਗਏ ਦਸਤਾਵੇਜ਼ ਨੂੰ ਪਾਕਿਸਤਾਨ ਵੱਲੋਂ ਵਾਪਿਸ ਕਰ ਦਿੱਤਾ ਗਿਆ ਹੈ ਜਦੋਂਕਿ ਵਿਦੇਸ਼ ਮੰਤਰੀ ਸ੍ਰੀ ਪ੍ਰਣਾਬ ਮੁਖਰਜੀ ਵੱਲੋਂ ਕਿਹਾ ਗਿਆ ਹੈ ਕਿ ਪਾਕਿਸਤਾਨ ਨੇ ਭਾਰਤ ਵੱਲੋਂ ਭੇਜੇ ਗਏ ਦਸਤਾਵੇਜ਼ ਦਾ ਕੋਈ ਜਵਾਬ ਨਹੀਂ ਦਿੱਤਾ, ਇਸ ਨਾਲ ਇੱਕ ਭੰਬਲਭੂਸਾ ਪੈਦਾ ਹੋ ਗਿਆ ਹੈ। ਸ੍ਰੀ ਨਰਾਇਣਨ ਵੱਲੋਂ ਇੱਕ ਟੀ ਵੀ ਚੈਨਲ ਨਾਲ ਮੁਲਾਕਾਤ ਦੌਰਾਨ ਕਿਹਾ ਹੈ ਕਿ ਜਿਥੋਂ ਤੱਕ ਮੈਨੂੰ ਪਤਾ ਹੈ ਕਿ ਪਾਕਿਸਤਾਨ ਨੇ ਭਾਰਤ ਵੱਲੋਂ ਭੇਜੇ ਗਏ ਦਸਤਾਵੇਜ਼ ਨੂੰ ਸਾਨੂੰ ਵਾਪਸ ਕਰ ਦਿੱਤਾ ਹੈ ਅਤੇ ਪੁੱਛਿਆ ਹੈ ਕਿ ਕਿਹੜੇ ਸਵਾਲਾਂ ਦੇ ਜਵਾਬ ਦਿੱਤੇ ਜਾਣ। ਮੇਰਾ ਖਿਆਲ ਹੈ ਕਿ ਪਾਕਿਸਤਾਨ ਨੂੰ ਭੇਜੇ ਗਏ ਦੂਸਰੇ ਦਸਤਾਵੇਜ਼ ਦਾ ਜਵਾਬ ਆਉਣਾ ਅਜੇ ਬਾਕੀ ਹੈ। ਉਹਨਾਂ ਹੋਰ ਕਿਹਾ ਕਿ ਜਿਥੋਂ

ਤੱਕ ਸਾਨੂੰ ਜਾਣਕਾਰੀ ਹੈ, ਸਾਡਾ ਵਿਸ਼ਵਾਸ ਹੈ ਕਿ ਪਾਕਿਸਤਾਨ ਮੁੰਬਈ ਅੱਤਵਾਦੀ ਹਮਲਿਆਂ ਦੇ ਸਬੰਧ ਵਿੱਚ ਸੱਚਾਈ ਦੇ ਨੇੜੇ ਪੁੱਜਣ ਦਾ ਯਤਨ ਕਰ ਰਿਹਾ ਹੈ। ਉਹਨਾਂ ਹੋਰ ਕਿਹਾ ਕਿ ਯਕੀਨਨ ਇਹ ਦਿਖਾਈ ਦੇ ਰਿਹਾ ਹੈ ਕਿ ਪਾਕਿਸਤਾਨ ਇਸਨੂੰ ਗੰਭੀਰਤਾ ਨਾਲ ਲੈ ਰਿਹਾ ਹੈ। ਘੱਟੋ-ਘੱਟ ਉਹ ਇੱਕ ਢੰਗ-ਤਰੀਕੇ ਨਾਲ ਚੱਲ ਰਹੇ ਹਨ ਜਿਵੇਂ ਕਿ ਏਜੰਸੀ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਇਸੇ ਦੌਰਾਨ ਜਦੋਂ ਕੌਮੀ ਸੁਰੱਖਿਆ ਸਲਾਹਕਾਰ ਦੀ ਇੰਟਰਵਿਊ ਰਿਕਾਰਡ ਕੀਤੀ ਜਾ ਰਹੀ ਸੀ ਤਾਂ ਉਸੇ ਸਮੇਂ ਵਿਦੇਸ਼ ਮੰਤਰੀ ਸ੍ਰੀ ਪ੍ਰਣਾਬ ਮੁਖਰਜੀ ਨੇ ਇੱਕ ਬਿਆਨ ਰਾਹੀਂ ਕਿਹਾ ਸੀ ਕਿ ਪਾਕਿਸਤਾਨ ਭਾਰਤ ਦੇ ਦਸਤਾਵੇਜ਼ ਦਾ ਜਵਾਬ ਨਹੀਂ ਦੇ ਰਿਹਾ। ਸ੍ਰੀ ਮੁਖਰਜੀ ਨੇ ਕਿਹਾ ਸੀ ਮੈਂ ਇਹ ਗੱਲ ਜ਼ੋਰ ਦੇ ਕੇ ਕਹਿਣਾ ਚਾਹੁੰਦਾ ਹਾਂ ਕਿ ਭਾਰਤ ਵੱਲੋਂ ਮੁੰਬਈ ਅੱਤਵਾਦੀ ਹਮਲਿਆਂ ਸਬੰਧੀ ਜੋ ਸਬੂਤਾਂ ’ਤੇ ਆਧਾਰਿਤ ਦਸਤਾਵੇਜ਼ ਪਾਕਿਸਤਾਨ ਨੂੰ ਸੌਂਪਿਆ ਗਿਆ ਹੈ ਉਸ ਦਾ ਪਾਕਿਸਤਾਨ ਨੇ ਸਰਕਾਰੀ ਤੌਰ ’ਤੇ ਕੋਈ ਜਵਾਬ ਨਹੀਂ ਦਿੱਤਾ। ਪਾਕਿਸਤਾਨ ਵੱਲੋਂ ਕੀ ਜਾਂਚ ਕੀਤੀ ਜਾ ਰਹੀ ਅਤੇ ਇਹ ਜਾਂਚ ਕਿਥੇ ਕੁ ਪੁੱਜੀ ਹੈ, ਇਸ ਬਾਰੇ ਵੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ।

## *ਮੁੰਬਈ ਦੇ ਇਸਕਾਨ ਮੰਦਰ ’ਚ ਅਮਰੀਕਨ ਔਰਤ ਨਾਲ ਛੇੜਖਾਨੀ*

## ਪੀੜਤ ਔਰਤ ਨੇ ਬਲਾਤਕਾਰ ਦੀ ਕੋਸ਼ਿਸ਼ ਦਾ ਦੋਸ਼ ਲਾਇਆ

ਮੁੰਬਈ- ਮੁੰਬਈ ਦੇ ਜੁਹੂ ਇਲਾਕੇ ਵਿੱਚ ਸਥਿਤ ਮਸ਼ਹੂਰ ਇਸਕਾਨ ਮੰਦਰ ਦੇ ਗੈਸਟ ਹਾਊਸ ਵਿੱਚ ਰੁਕੀ ਇੱਕ ਅਮਰੀਕੀ ਔਰਤ ਨਾਲ ਛੇੜਖਾਨੀ ਦਾ ਮਾਮਲਾ ਸਾਹਮਣੇ ਆਇਆ ਹੈ। ਅਮਰੀਕੀ ਔਰਤ ਨੇ ਦੋਸ਼ ਲਾਇਆ ਕਿ ਸੋਮਵਾਰ ਨੂੰ ਜਦੋਂ ਉਹ ਮੰਦਰ ਦੇ ਗੈਸਟ ਹਾਊਸ ਵਿਚਲੇ ਆਪਣੇ ਕਮਰੇ ਵਿੱਚ ਮੌਜੂਦ ਸੀ ਤਾਂ ਕਿਸੇ ਨੇ ਦਰਵਾਜ਼ਾ ਖੜਕਾਇਆ। ਜਿਵੇਂ ਹੀ ਉਸ ਨੇ ਦਰਵਾਜ਼ਾ ਖੋਲ੍ਹਿਆ ਤਾਂ ਇੱਕ ਸ਼ਖਸ ਜ਼ਬਰਦਸਤੀ ਅੰਦਰ ਦਾਖਲ ਹੋ ਗਿਆ, ਜਿਸ ਨੇ ਉਸ ਨਾਲ ਬਲਾਤਕਾਰ ਦੀ ਕੋਸ਼ਿਸ਼ ਕੀਤੀ। ਇਸ ਬਾਰੇ ਮੰਦਰ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਮਰੀਕਨ ਔਰਤ ਜਿਹੜੇ ਦੋਸ਼ ਲਗਾ ਰਹੀ ਹੈ, ਉਹ ਬੇਬੁਨਿਆਦ ਹਨ। ਅਮਰੀਕਨ ਔਰਤ ਦੀ ਸ਼ਿਕਾਇਤ ’ਤੇ ਪੁਲੀਸ ਨੇ ਮਾਮਲਾ ਦਰਜ ਕਰ ਲਿਆ ਹੈ। ਜੁਹੂ ਪੁਲੀਸ ਥਾਣੇ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਅਮਰੀਕਨ ਔਰਤ ਦਾ ਮੈਡੀਕਲ ਚੈਕਅਪ ਕਰਵਾਇਆ ਗਿਆ, ਜਿਸ ਵਿੱਚ ਸਪੱਸ਼ਟ ਹੋ ਗਿਆ ਕਿ ਉਸ ਨਾਲ ਬਲਾਤਕਾਰ ਨਹੀਂ ਹੋਇਆ। ਉਨ੍ਹਾਂ ਦੱਸਿਆ ਕਿ ਔਰਤ ਵਲੋਂ ਸ਼ੋਰ ਮਚਾਉਣ ’ਤੇ ਗੈਸ ਹਾਊਸ ਵਿਚਲੇ ਸੁਰੱਖਿਆ ਮੁਲਾਜ਼ਮ ਅਤੇ ਹੋਰ ਮਹਿਮਾਨ ਤੁਰੰਤ ਉਸ ਦੇ ਕਮਰੇ ਵੱਲ ਦੌੜੇ, ਪਰ ਕਥਿਤ ਦੋਸ਼ੀ ਫਰਾਰ ਹੋਣ ਵਿੱਚ ਸਫਲ ਹੋ ਗਿਆ। ਪੁਲੀਸ ਨੇ ਇਸ ਸਬੰਧੀ ਅਜੇ ਤੱਕ ਕੋਈ ਗ੍ਰਿਫਤਾਰ ਨਹੀਂ ਕੀਤੀ ਹੈ।

ਇਸਕਾਨ ਮੰਦਰ ਵਿੱਚ ਸਥਿਤ 76 ਕਮਰਿਆਂ ਵਾਲੇ ਗੈਸਟ ਹਾਊਸ ਵਿੱਚ ਧਰਮ ਦੇ ਪੈਰੋਕਾਰਾਂ ਅਤੇ ਵਿਸ਼ੇਸ਼ ਮਹਿਮਾਨਾਂ ਨੂੰ ਠਹਿਰਾਇਆ ਜਾਂਦਾ ਹੈ। ਇਹ ਅਮਰੀਕੀ ਔਰਤ ਇਕੱਲੀ ਸੀ। ਉਕਤ ਔਰਤ ਦੀ ਉਮਰ 27 ਸਾਲ ਦੱਸੀ ਜਾਂਦੀ ਹੈ ਅਤੇ ਉਹ 29 ਜਨਵਰੀ ਤੋਂ ਇਥੇ ਠਹਿਰੀ ਹੋਈ ਸੀ।

## ਕੀਨੀਆ ’ਚ ਟੈਂਕਰ ਨੂੰ ਅੱਗ-111 ਮੌਤਾਂ

ਮੋਲੋ (ਕੀਨੀਆ)- ਪੱਛਮੀ ਕੀਨੀਆ ਵਿੱਚ ਪੈਟਰੋਲ ਨਾਲ ਭਰੇ ਇੱਕ ਟੈਂਕਰ ਵਿੱਚ ਅੱਗ ਲੱਗਣ ਕਾਰਨ 111 ਲੋਕਾਂ ਦੀ ਮੌਤ ਹੋ ਗਈ ਅਤੇ 140 ਦੇ ਕਰੀਬ ਜ਼ਖ਼ਮੀ ਹੋ ਗਏ। ਕੀਨੀਆ ਪੁਲਿਸ ਦੇ ਬੁਲਾਰੇ ਇਰਿਕ ਕਿਰਾਈਥੇ ਨੇ ਕਿਹਾ ਕਿ ਹਾਦਸਾ ਨੈਰੋਬੀ ਤੋਂ ਪੱਛਮ-ਉਤਰੀ ਇਲਾਕੇ ਵਿੱਚ 150 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਮੋਲੋ ਕਸਬੇ ਵਿੱਚ ਰਿਫਟ ਵੈਲੀ ਵਿੱਚ ਵਾਪਰਿਆ। ਉਨ੍ਹਾਂ ਦੱਸਿਆ ਕਿ ਟਰੱਕ ਪਲਟ ਜਾਣ ਦੇ ਬਾਅਦ ਟੈਂਕਰ ਨੂੰ ਅੱਗ ਲੱਗ ਗਈ। ਮਾਰੇ ਗਏ ਜ਼ਿਆਦਾਤਰ ਲੋਕ ਹਾਦਸਾਗ੍ਰਸਤ ਤੇਲ ਨਾਲ ਭਰੇ ਟੈਂਕਰ ਵਿਚੋਂ ਤੇਲ ਲੈਣ ਆਏ ਸਨ ਕਿ ਅਚਾਨਕ ਟੈਂਕਰ ਨੂੰ ਅੱਗ ਲੱਗ ਗਈ। ਟੈਂਕਰ ਨੂੰ ਅੱਗ ਲੱਗਣ ਵੇਲੇ ਲੋਕ ਫੈਲੇ ਹੋਏ ਤੇਲ ਨੂੰ ਇਕੱਠਾ ਕਰਨ ਵਿੱਚ ਲੱਗੇ ਸਨ। ਕੀਨੀਆ ਦੇ ਰੈੱਡ ਕਰਾਸ ਜਨ-ਸੰਪਰਕ ਅਧਿਕਾਰੀ ਟਿਟੁਸ ਮੁੰਗੋਉ ਨੇ ਕਿਹਾ ਕਿ ਉਥੇ ਕਈ ਲੋਕ ਤੇਲ ਕੱਢਣ ਦੇ ਇਰਾਦੇ ਨਾਲ ਗਏ ਸਨ ਕਿ ਅਚਾਨਕ ਟੈਂਕਰ ਨੂੰ ਅੱਗ ਲੱਗ ਗਈ ਤੇ ਸਾਰੇ ਪਾਸੇ ਅੱਗ ਦੀਆਂ ਲਪਟਾਂ ਫੈਲ ਗਈਆਂ। ਰਾਹਤ ਦਲ ਦੇ ਕੁਝ ਮੈਂਬਰਾਂ ਨੇ ਦੱਸਿਆ ਕਿ ਸ਼ਾਇਦ ਕਿਸੇ ਨੇ ਗਲਤੀ ਨਾਲ ਸਿਗਰਟ ਸੁੱਟ ਦਿੱਤੀ ਹੋਵੇ। ਅਜਿਹਾ ਮਹਿਸੂਸ ਹੁੰਦਾ ਹੈ ਕਿ ਮਾਚਿਸ ਵਰਗੀ ਕਿਸੇ ਚੀਜ਼ ਨਾਲ ਅੱਗ ਲਾਈ ਗਈ। ਕੁਝ ਲੋਕਾਂ ਨੇ ਦੱਸਿਆ ਕਿ ਇਹ ਅੱਗ ਉਨ੍ਹਾਂ ਨੇ ਲਾਈ ਜਿਨ੍ਹਾਂ ਨੂੰ ਪੁਲਿਸ ਨੇ ਤੇਲ ਲੈ ਕੇ ਜਾਣ ਤੋਂ ਰੋਕਿਆ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਮੋਲੋ ਸ਼ਹਿਰ ਵਿੱਚ ਐਮਰਜੈਂਸੀ ਵਿੱਚ ਅੱਗ ਬੁਝਾਊ ਦਲ ਦੀ ਸਹੂਲਤ ਨਾਲ ਹੋਣ ਕਾਰਨ ਅੱਗ ਬੁਝਾਉਣ ਦੇ ਕੰਮ ਵਿਚ ਕਾਫ਼ੀ ਰੁਕਾਵਟ ਆਈ। ਘਟਨਾ ਵਿੱਚ ਜ਼ਖ਼ਮੀ ਹੋਏ ਲੋਕਾਂ ਨੂੰ ਨੇੜੇ ਦੇ ਹਸਪਤਾਲਾਂ ਵਿੱਚ ਭੇਜਿਆ ਗਿਆ ਹੈ।

## ਮੁਸ਼ੱਰਫ਼ ਦੇ ਸ਼ਾਸਨਕਾਲ 'ਚ ਇਜ਼ਰਾਈਲ ਤੇ ਪਾਕਿ ਵਿਚਾਲੇ ਹੋਈ ਸੀ ਗੁਪਤ ਗੱਲਬਾਤ : ਤੁਰਕੀ

ਨਿਊਯਾਰਕ- ਇਜ਼ਰਾਈਲ ਅਤੇ ਪਾਕਿਸਤਾਨ ਵਿਚਾਲੇ ਰਾਜਨੀਤਕ ਸਬੰਧ ਨਹੀਂ ਹਨ ਪਰ ਮੁਸ਼ੱਰਫ਼ ਦੇ ਸ਼ਾਸਨਕਾਲ 'ਚ ਦੋਵਾਂ ਵਿਚਾਲੇ ਗੁਪਤ ਗੱਲਬਾਤ ਹੋਈ ਸੀ। ਦੋਵਾਂ ਦੇਸ਼ਾਂ ਨੂੰ ਇਕੱਠਾ ਕਰਨ ਲਈ ਤੁਰਕੀ ਦੀ ਪਹਿਲ 'ਤੇ ਇਹ ਗੱਲਬਾਤ ਹੋਈ। ਤੁਰਕੀ ਦੇ ਪ੍ਰਧਾਨ ਮੰਤਰੀ ਤਾਇਪ ਏਰਡੋਗਨ ਨੇ ਨਿਊਜ਼ਵੀਕ ਮੈਗਜ਼ੀਨ ਨੂੰ ਦੱਸਿਆ ਕਿ ਸਾਬਕਾ ਪਾਕਿਸਤਾਨੀ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਦੇ ਸ਼ਾਸਨਕਾਲ 'ਚ ਤੁਰਕੀ ਨੇ ਇਜ਼ਰਾਈਲ ਤੇ ਪਾਕਿਸਤਾਨ ਦੇ ਵਿਦੇਸ਼ ਮੰਤਰੀਆਂ ਦੀ ਗੱਲਬਾਤ ਕਰਾਈ। ਉਨ੍ਹਾਂ ਕਿਹਾ "ਉਸ ਗੱਲਬਾਤ ਨਾਲ ਦੋਵਾਂ ਦੇਸ਼ਾਂ ਦੇ ਇਕੱਠੇ ਹੋਣ ਦੀ ਪ੍ਰਕਿਰਿਆ ਸ਼ੁਰੂ ਹੋਈ। ਗੱਲਬਾਤ ਦੋ ਸਾਲ ਪਹਿਲਾਂ ਹੋਈ ਅਤੇ ਦੋ ਦਿਨ ਤੱਕ ਚੱਲੀ।" ਏਰਡੋਗਨ ਨੇ ਕਿਹਾ ਕਿ ਖੇਤਰ 'ਚ ਸ਼ਾਂਤੀ ਲਈ ਉਨ੍ਹਾਂ ਨੇ ਇਜ਼ਰਾਈਲ ਅਤੇ ਫ਼ਲਸਤੀਨੀ ਵਿਭਾਗ ਮਾਮਲੇ 'ਤੇ ਟੈਲੀਫ਼ੋਨ 'ਤੇ ਗੱਲਬਾਤ ਵੀ ਕੀਤੀ। ਅਸੀਂ ਸੀਰੀਆ ਦੇ ਰਾਸ਼ਟਰਪਤੀ ਬਸ਼ਰ ਅਸਦ ਅਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਓਲਮਰਟ ਵਿਚਾਲੇ ਵੀ ਅੰਕਾਰਾ 'ਚ ਗੱਲਬਾਤ ਕਰਾਈ। ਉਨ੍ਹਾਂ ਕਿਹਾ ਕਿ ਅਸੀਂ ਟੈਲੀਫ਼ੋਨ 'ਤੇ ਵੀ ਸੰਪਰਕ ਬਣਾਈ ਰੱਖਿਆ। ਸੀਰੀਆ ਦੇ ਵਿਦੇਸ਼ ਮੰਤਰੀ ਨਾਲ ਵੀ ਗੱਲਬਾਤ ਕੀਤੀ। ਇਸ ਲਈ ਇਹ ਕੂਟਨੀਤੀ ਸੀ ਜਿਸ ਤੋਂ ਪਤਾ ਲਗਦਾ ਹੈ ਕਿ ਪੱਛਮੀ ਏਸ਼ੀਆ 'ਚ ਸ਼ਾਂਤੀ ਨੂੰ ਅਸੀਂ ਕਿੰਨਾ ਮਹੱਤਵ ਦਿੰਦੇ ਹਾਂ।

## ਮੁਸ਼ੱਰਫ਼ ਨੂੰ ਮਿਲੀ ਅਮਰੀਕਾ 'ਚ ਨੌਕਰੀ ਦੀ ਪੇਸ਼ਕਸ਼

ਇਸਲਾਮਾਬਾਦ- ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਅਤੇ ਫ਼ੌਜ ਮੁਖੀ ਪਰਵੇਜ਼ ਮੁਸ਼ੱਰਫ਼ ਨੂੰ ਵਾਸ਼ਿੰਗਟਨ ਸਥਿਤ ਪ੍ਰਸਿੱਧ ਮਿਡਲ ਈਸਟ ਇੰਸਟੀਚਿਊਟ ਵਿਖ 'ਰੈਜ਼ੀਡੈਂਸ ਸਕਾਲਰ' ਦੇ ਤੌਰ 'ਤੇ ਨੌਕਰੀ ਕਰਨ ਦੀ ਪੇਸ਼ਕਸ਼ ਕੀਤੀ ਗਈ ਹੈ। ਮੁਸ਼ੱਰਫ਼ ਜਨਵਰੀ ਮਹੀਨੇ 'ਚ ਅਮਰੀਕਾ ਫੇਰੀ ਦੌਰਾਨ ਉਪਰੋਕਤ ਇੰਸਟੀਚਿਊਟ 'ਚ ਗਏ ਸਨ, ਜਿਥੇ ਉਨ੍ਹਾਂ ਨੇ ਸਮਾਗਮ ਵਿੱਚ ਵੀ ਹਿੱਸਾ ਲਿਆ। ਸੰਸਥਾ ਦੇ ਮੁਖੀ ਤੇ ਪਾਕਿਸਤਾਨ ਲਈ ਸਾਬਕਾ ਅਮਰੀਕੀ ਸਫ਼ੀਰ ਵੈਂਡੀ ਚਾਂਬਰਲੇਇਨ ਨੇ ਮੁਸ਼ੱਰਫ਼ ਨੂੰ ਪਾਕਿਸਤਾਨ ਬਾਰੇ ਅਗਲੇ 'ਰੈਜ਼ੀਡੈਂਸ ਸਕਾਲਰ' ਬਣ ਜਾਣ ਦੀ ਅਪੀਲ ਕੀਤੀ ਹੈ।

## ਆਜ਼ਾਦੀ ਤੋਂ ਬਾਅਦ ਅੱਜ ਵੀ ਗਰੀਬ ਲੋਕ ਗੁਲਾਮ- ਸਾਬਕਾ ਰਾਜਪਾਲ ਛਿੱਬਰ

ਅਟਾਰੀ- ਬਹੁਜਨ ਸਮਾਜ ਪਾਰਟੀ ਦੇ ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਉਮੀਦਵਾਰ ਸਾਬਕਾ ਰਾਜਪਾਲ ਪੰਜਾਬ ਸ੍ਰੀ ਬੀ. ਕੇ.ਐਨ. ਛਿੱਬਰ ਨੇ ਬੱਸ ਅੱਡਾ ਅਟਾਰੀ ਵਿਖੇ ਪਾਰਟੀ ਦੀ ਮੀਤ ਪ੍ਰਧਾਨ ਬੀਬੀ ਸੁਖਵੰਤਜੀਤ ਕੌਰ ਅਟਾਰੀ ਵਲੋਂ ਲੋਕ ਸਭਾ ਚੋਣਾਂ ਨੂੰ ਲੈ ਕੇ ਕਰਵਾਏ ਜਲਸੇ 'ਚ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੀ ਅਜ਼ਾਦੀ ਦੇ ਕਈ ਸਾਲ ਬੀਤਣ ਦੇ ਬਾਵਜੂਦ ਦੇਸ਼ ਅੰਦਰ ਅੱਜ ਵੀ ਗਰੀਬ ਲੋਕ ਗੁਲਾਮ ਹੈ। ਉਨ੍ਹਾ ਕਿਹਾ ਕਿ ਸਮੇਂ-ਸਮੇਂ ਦੀਆਂ ਕੇਂਦਰ ਤੇ ਰਾਜ ਸਰਕਾਰਾਂ ਨੇ ਇਨ੍ਹਾਂ ਗਰੀਬਾਂ ਬਾਰੇ ਕੁਝ ਨਹੀਂ ਸੋਚਿਆ। ਸ੍ਰੀ ਛਿੱਬਰ ਨੇ ਕਿਹਾ ਦੇਸ਼ ਵਿੱਚ ਬਹੁਜਨ ਸਮਾਜ ਪਾਰਟੀ ਉਹ ਪਾਰਟੀ ਹੈ ਜੋ ਹਰ ਵਰਗ ਦੇ ਗਰੀਬ ਲੋਕਾਂ ਨੂੰ ਨਾਲ ਲੈ ਕੇ ਚੱਲ ਰਹੀ ਹੈ।